Victorian Equal Opportunity
& Human Rights Commission

# ਬਰਾਬਰ ਦੇ ਮੌਕੇ ਕਾਨੂੰਨ 2010 - ਧਾਰਮਿਕ ਅਪਵਾਦਾਂ ਵਿੱਚ ਸੁਧਾਰ

ਵਿਕਟੋਰੀਆ ਸਰਕਾਰ ਨੇ ਹਾਲ ਹੀ ਵਿੱਚ ਬਰਾਬਰ ਮੌਕੇ ਐਕਟ (2010) ਵਿੱਚ ਬਦਲਾਅ ਕੀਤੇ ਹਨ। ਇਹ ਤਬਦੀਲੀਆਂ 14 ਜੂਨ 2022 ਨੂੰ ਲਾਗੂ ਹੋਈਆਂ ਹਨ। ਇਹ ਤਬਦੀਲੀਆਂ ਧਾਰਮਿਕ ਆਜ਼ਾਦੀ ਦੇ ਅਧਿਕਾਰ ਅਤੇ ਭੇਦਭਾਵ ਤੋਂ ਮੁਕਤ ਹੋਣ ਦੇ ਅਧਿਕਾਰ ਦੇ ਵਿਚਕਾਰ ਇੱਕ ਨਿਰਪੱਖ ਸੰਤੁਲਨ ਨੂੰ ਯਕੀਨੀ ਬਣਾਉਂਦੀਆਂ ਹਨ।

ਇਹ ਤੱਥ ਸ਼ੀਟ ਧਾਰਮਿਕ ਸੰਸਥਾਵਾਂ ਅਤੇ ਸਕੂਲਾਂ, ਅਤੇ ਵਿਕਟੋਰੀਅਨ ਭਾਈਚਾਰੇ ਲਈ ਭੇਦਭਾਵ ਵਿਰੋਧੀ ਕਾਨੂੰਨਾਂ ਵਿੱਚ ਤਬਦੀਲੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

### ਭੇਦਭਾਵ

ਭੇਦਭਾਵ ਉਦੋਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਨਾਲ ਕਾਨੂੰਨ ਦੁਆਰਾ ਸੁਰੱਖਿਆ ਪ੍ਰਾਪਤ ਵਿਅਕਤੀਗਤ ਵਿਸ਼ੇਸ਼ਤਾ ਦੇ ਕਾਰਨ ਅਣੁਚਿਤ ਵਿਵਹਾਰ ਕੀਤਾ ਜਾਂਦਾ ਹੈ।

ਬਰਾਬਰ ਮੌਕਾ ਐਕਟ (2010) ਭੇਦਭਾਵ ਅਤੇ ਜਿਨਸੀ ਛੇੜਛਾੜ ਨੂੰ ਕਾਨੂੰਨ ਦੇ ਵਿਰੁੱਧ ਬਣਾਉਂਦਾ ਹੈ ਜਦੋਂ ਇਹ ਜਨਤਕ ਜੀਵਨ ਦੇ ਕੁੱਝ ਖੇਤਰਾਂ ਵਿੱਚ ਵਾਪਰਦਾ ਹੈ। ਇਸ ਵਿੱਚ ਕੰਮ, ਸਕੂਲ ਜਾਂ ਦੁਕਾਨਾਂ ਸ਼ਾਮਲ ਹਨ।

ਹਾਲਾਂਕਿ, ਇਹ ਐਕਟ ਹਰ ਕਿਸੇ ਦੇ ਅਧਿਕਾਰਾਂ ਨੂੰ ਸੰਤੁਲਿਤ ਕਰਨ ਦੀ ਲੋੜ ਨੂੰ ਮਾਨਤਾ ਦਿੰਦਾ ਹੈ। ਇਸ ਵਿੱਚ ਧਾਰਮਿਕ ਵਿਸ਼ਵਾਸਾਂ ਵਾਲੇ ਲੋਕਾਂ ਦੇ ਅਧਿਕਾਰ ਸ਼ਾਮਲ ਹਨ। ਇਸ ਲਈ ਕੁੱਝ ਅਪਵਾਦ ਹਨ ਜਿਸਦਾ ਮਤਲਬ ਹੈ ਕਿ ਭੇਦਭਾਵ ਕੁੱਝ ਖ਼ਾਸ ਹਾਲਤਾਂ ਵਿੱਚ ਕਾਨੂੰਨ ਦੇ ਵਿਰੁੱਧ ਨਹੀਂ ਹੈ।

## ਧਾਰਮਿਕ ਅਪਵਾਦ

14 ਜੂਨ 2022 ਤੋਂ ਪਹਿਲਾਂ, ਬਰਾਬਰ ਦੇ ਮੌਕੇ ਕਾਨੂੰਨ (Equal Opportunity Act) ਨੇ ਧਾਰਮਿਕ ਸੰਸਥਾਵਾਂ ਅਤੇ ਸਕੂਲਾਂ ਨੂੰ ਹੇਠ ਲਿਖੀਆਂ ਨਿੱਜੀ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਦੇ ਕਾਰਨ ਕਿਸੇ ਵਿਅਕਤੀ ਨਾਲ ਭੇਦਭਾਵ ਕਰਨ ਦੀ ਆਗਿਆ ਦਿੱਤੀ ਸੀ:

- ਲਿੰਗ
- ਜਿਨਸੀ ਰੁਝਾਨ
- ਕਨੂੰਨੀ ਜਿਨਸੀ ਕਿਰਿਆ
- ਵਿਵਾਹਿਕ ਦਰਜਾ
- ਮਾਤਾ-ਪਿਤਾ ਵਜੋਂ ਦਰਜਾ
- ਲਿੰਗ ਪਛਾਣ।

ਇਹਨਾਂ ਨੂੰ ਇਸ ਤੱਥ ਸ਼ੀਟ ਵਿੱਚ "ਉਜਾਗਰ ਕੀਤੀਆਂ ਨਿੱਜੀ ਵਿਸ਼ੇਸ਼ਤਾਵਾਂ" ਕਿਹਾ ਜਾਵੇਗਾ।

ਇਸਦਾ ਮਤਲਬ ਇਹ ਸੀ ਕਿ ਇਨ੍ਹਾਂ ਉਜਾਗਰ ਕੀਤੀਆਂ ਨਿੱਜੀ ਵਿਸ਼ੇਸ਼ਤਾਵਾਂ ਵਿੱਚੋਂ ਕਿਸੇ ਇੱਕ ਦੇ ਆਧਾਰ 'ਤੇ ਧਾਰਮਿਕ ਸੰਸਥਾਵਾਂ ਅਤੇ ਸਕੂਲ ਕਾਨੂੰਨੀ ਤੌਰ 'ਤੇ:

- ਕਿਸੇ ਸੰਭਾਵੀ ਵਿਦਿਆਰਥੀ ਨੂੰ ਦਾਖਲਾ ਦੇਣ ਤੋਂ ਇਨਕਾਰ ਕਰ ਸਕਦੇ ਹਨ

- ਇੱਕ ਵਿਦਿਆਰਥੀ ਨੂੰ ਕੱਢ ਸਕਦੇ ਹਨ
- ਕਿਸੇ ਨੂੰ ਨੌਕਰੀ ਦੇਣ ਤੋਂ ਇਨਕਾਰ ਕਰ ਸਕਦੇ ਹਨ
- ਕਿਸੇ ਨੂੰ ਨੌਕਰੀ ਤੋਂ ਕੱਢ ਸਕਦੇ ਹਨ, ਜਾਂ
- ਇਸ ਤੋਂ ਇਲਾਵਾ ਕਿਸੇ ਨਾਲ ਵੱਖਰਾ ਸਲੂਕ ਕਰ ਸਕਦੇ ਹਨ।

## 14 ਜੂਨ 2022 ਤੋਂ ਬਰਾਬਰ ਦੇ ਮੌਕੇ ਕਾਨੂੰਨ ਵਿੱਚ ਬਦਲਾਅ

14 ਜੂਨ 2022 ਤੋਂ, ਧਾਰਮਿਕ ਸੰਸਥਾਵਾਂ ਅਤੇ ਸਕੂਲਾਂ ਨੂੰ ਹੇਠ ਲਿਖੇ ਮੁੱਦਿਆਂ ਵਿੱਚ ਨਿੱਜੀ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਲੋਕਾਂ ਨਾਲ ਭੇਦਭਾਵ ਕਰਨ ਦੀ ਆਗਿਆ ਨਹੀਂ ਹੈ:

- ਰੁਜ਼ਗਾਰ ਸੰਬੰਧੀ ਫ਼ੈਸਲੇ ਲੈਣ ਸਮੇਂ
- ਸਕੂਲੀ ਵਿਦਿਆਰਥੀਆਂ ਬਾਰੇ ਫ਼ੈਸਲੇ ਲੈਣ ਸਮੇਂ।

ਹਾਲਾਂਕਿ, ਜੇਕਰ ਭੇਦਭਾਵ ਵਾਜਬ ਅਤੇ ਅਨੁਪਾਤਕ ਹੈ ਤਾਂ ਉਹ ਸੀਮਤ ਹਾਲਾਤਾਂ ਵਿੱਚ ਧਾਰਮਿਕ ਵਿਸ਼ਵਾਸਾਂ ਦੇ ਆਧਾਰ 'ਤੇ ਭੇਦਭਾਵ ਕਰ ਸਕਦੇ ਹਨ।

## ਰੁਜ਼ਗਾਰ ਨਾਲ ਸੰਬੰਧਿਤ ਭੇਦਭਾਵ

ਧਾਰਮਿਕ ਸੰਸਥਾਵਾਂ ਅਤੇ ਸਕੂਲ ਉਜਾਗਰ ਕੀਤੀਆਂ ਗਈਆਂ ਨਿੱਜੀ ਵਿਸ਼ੇਸ਼ਤਾਵਾਂ ਵਿੱਚੋਂ ਕਿਸੇ ਦੇ ਕਾਰਨ ਕਰਮਚਾਰੀਆਂ (ਅਤੇ ਸੰਭਾਵੀ ਕਰਮਚਾਰੀਆਂ) ਨੂੰ ਬਰਖ਼ਾਸਤ ਨਹੀਂ ਕਰ ਸਕਦੇ ਹਨ, ਨੌਕਰੀ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ ਹਨ ਜਾਂ ਕਿਸੇ ਹੋਰ ਤਰ੍ਹਾਂ ਨਾਲ ਵਿਤਕਰਾ ਨਹੀਂ ਕਰ ਸਕਦੇ ਹਨ।

ਧਾਰਮਿਕ ਸੰਸਥਾਵਾਂ ਅਤੇ ਸਕੂਲ ਹੁਣ ਸਿਰਫ਼ ਉਸ ਵਿਅਕਤੀ ਦੇ ਧਾਰਮਿਕ ਵਿਸ਼ਵਾਸ ਜਾਂ ਗਤੀਵਿਧੀ ਦੇ ਆਧਾਰ 'ਤੇ ਕਰਮਚਾਰੀਆਂ (ਅਤੇ ਸੰਭਾਵੀ ਕਰਮਚਾਰੀਆਂ) ਨਾਲ ਭੇਦਭਾਵ ਕਰ ਸਕਦੇ ਹਨ ਅਤੇ ਸਿਰਫ਼ ਜਿੱਥੇ:

- ਧਾਰਮਿਕ ਵਿਸ਼ਵਾਸਾਂ ਦੇ ਨਾਲ ਅਨੁਕੂਲਤਾ ਨੌਕਰੀ ਦੀ ਇੱਕ ਅੰਦਰੂਨੀ (ਮੁੱਖ, ਬੁਨਿਆਦੀ ਜਾਂ ਅਹਿਮ) ਲੋੜ ਹੈ

## ਤਬਦੀਲੀ ਦੀ ਉਦਾਹਰਨ

ਇੱਕ ਵਿਅਕਤੀ ਜੋ ਈਸਾਈ ਅਤੇ ਟ੍ਰਾਂਸਜੈਂਡਰ ਹੈ, ਕਿਸੇ ਵੱਡੀ ਈਸਾਈ ਚੈਰੀਟੇਬਲ ਸੰਸਥਾ ਦਾ ਡਿਪਟੀ CEO ਬਣਨ ਲਈ ਅਰਜ਼ੀ ਦਿੰਦਾ ਹੈ।

ਉਹ ਈਸਾਈ ਸੰਸਥਾ ਇਸ ਕਾਰਨ ਉਸ ਵਿਅਕਤੀ ਨੂੰ ਨੌਕਰੀ ਦੇਣ ਤੋਂ ਮਨ੍ਹਾਂ ਨਹੀਂ ਕਰ ਸਕਦੀ ਹੈ ਕਿਉਂਕਿ ਉਹ ਟ੍ਰਾਂਸਜੈਂਡਰ ਹੈ। ਇਹ ਇਸ ਲਈ ਹੈ ਕਿਉਂਕਿ ਉਹ ਲਿੰਗ ਪਛਾਣ ਦੇ ਆਧਾਰ 'ਤੇ ਭੇਦਭਾਵ ਨਹੀਂ ਕਰ ਸਕਦੇ ਹਨ।

ਹਾਲਾਂਕਿ, ਇਸਦਾ ਮਤਲਬ ਇਹ ਨਹੀਂ ਹੈ ਕਿ ਸੰਬੰਧਿਤ ਸੰਸਥਾ ਨੂੰ ਉਸ ਵਿਅਕਤੀ ਨੂੰ ਨੌਕਰੀ ਦੇਣ ਲਈ ਮਜਬੂਰ ਕੀਤਾ ਜਾਵੇਗਾ ਜੇਕਰ ਉਹ ਸਭ ਤੋਂ ਵਧੀਆ ਉਮੀਦਵਾਰ ਨਹੀਂ ਸਨ।

- ਦੂਸਰਾ ਵਿਅਕਤੀ ਆਪਣੇ ਧਾਰਮਿਕ ਵਿਸ਼ਵਾਸ ਜਾਂ ਗਤੀਵਿਧੀ ਦੇ ਕਾਰਨ ਉਸ ਅੰਦਰੂਨੀ ਲੋੜ ਨੂੰ ਪੂਰਾ ਨਹੀਂ ਕਰ ਸਕਦਾ ਹੈ
- ਭੇਦਭਾਵ ਵਾਜਬ ਹੈ ਅਤੇ ਹਾਲਾਤਾਂ ਅਨੁਸਾਰ ਢੁੱਕਵਾਂ ਹੈ।

## ਵਿਦਿਆਰਥੀਆਂ ਨਾਲ ਸੰਬੰਧਿਤ ਭੇਦਭਾਵ

ਧਾਰਮਿਕ ਸਕੂਲ ਇਨ੍ਹਾਂ ਵਿਚੋਂ ਕਿਸੇ ਉਜਾਗਰ ਕੀਤੀ ਗਈ ਨਿੱਜੀ ਵਿਸ਼ੇਸ਼ਤਾ ਕਾਰਨ ਦਾਖਲਾ ਦੇਣ ਤੋਂ ਇਨਕਾਰ ਨਹੀਂ ਕਰ ਸਕਦੇ ਹਨ, ਸਕੂਲੋਂ ਨਹੀਂ ਕੱਢ ਸਕਦੇ ਹਨ ਜਾਂ ਕਿਸੇ ਹੋਰ ਤਰੀਕੇ ਨਾਲ ਵਿਦਿਆਰਥੀਆਂ ਅਤੇ ਸੰਭਾਵੀ ਵਿਦਿਆਰਥੀਆਂ ਨਾਲ ਭੇਦਭਾਵ ਨਹੀਂ ਕਰ ਸਕਦੇ ਹਨ (ਜਿਵੇਂ ਕਿ ਉਹ ਵਿਦਿਆਰਥੀ ਗੇਅ ਹੈ)। ਸਕੂਲ ਸਿਰਫ਼ ਵਿਦਿਆਰਥੀ, ਜਾਂ ਸੰਭਾਵੀ ਵਿਦਿਆਰਥੀਆਂ, ਧਾਰਮਿਕ ਵਿਸ਼ਵਾਸਾਂ ਜਾਂ ਗਤੀਵਿਧੀਆਂ ਦੇ ਆਧਾਰ 'ਤੇ ਭੇਦਭਾਵ ਕਰ ਸਕਦੇ ਹਨ। ਹਾਲਾਂਕਿ, ਭੇਦਭਾਵ ਵਾਜਬ ਅਤੇ ਹਾਲਾਤਾਂ ਅਨੁਸਾਰ ਢੁੱਕਵਾਂ ਹੋਣਾ ਲਾਜ਼ਮੀ ਹੈ ਅਤੇ:

· ਅਜਿਹਾ ਕਰਨਾ ਸਕੂਲ ਦੇ ਸਿਧਾਂਤਾਂ, ਵਿਸ਼ਵਾਸਾਂ ਜਾਂ ਧਾਰਮਿਕ ਸਿੱਖਿਆਵਾਂ ਦੇ ਅਨੁਸਾਰ ਹੋਣਾ ਲਾਜ਼ਮੀ ਹੈ, ਜਾਂ

• ਸਕੂਲ ਦੇ ਧਰਮ ਦੀਆਂ ਧਾਰਮਿਕ ਸੰਵੇਦਨਸ਼ੀਲਤਾਵਾਂ ਨੂੰ ਠੇਸ ਲੱਗਣ ਤੋਂ ਬਚਾਉਣ ਲਈ ਭੇਦਭਾਵ ਉਚਿਤ ਤੌਰ 'ਤੇ ਜ਼ਰੂਰੀ ਹੈ।

## ਧਾਰਮਿਕ ਸੰਸਥਾਵਾਂ ਦੁਆਰਾ ਭੇਦਭਾਵ

ਧਾਰਮਿਕ ਸੰਸਥਾਵਾਂ ਅਜੇ ਵੀ ਦੂਸਰੇ ਹਾਲਾਤਾਂ ਵਿੱਚ ਉਜਾਗਰ ਕੀਤੀਆਂ ਨਿੱਜੀ ਵਿਸ਼ੇਸ਼ਤਾਵਾਂ ਵਿੱਚੋਂ ਇੱਕ ਦੇ ਅਧਾਰ 'ਤੇ ਭੇਦਭਾਵ ਕਰ ਸਕਦੀਆਂ ਹਨ। ਹਾਲਾਂਕਿ, ਇਸ ਲਈ ਇੱਕ ਨਵੀਂ ਸ਼ਰਤ ਹੈ। ਭੇਦਭਾਵ ਉਨ੍ਹਾਂ ਹਾਲਾਤਾਂ ਵਿੱਚ ਵਾਜਬ ਅਤੇ ਸੰਤੁਲਿਤ ਹੋਣਾ ਲਾਜ਼ਮੀ ਹੈ। ਇਹ ਮੌਜੂਦਾ ਸ਼ਰਤਾਂ ਤੋਂ ਇਲਾਵਾ ਹੈ ਜੋ ਇਹ ਹਨ  ਕਿ ਇਹ:

· ਧਰਮ ਦੇ ਸਿਧਾਂਤਾਂ ਜਾਂ ਵਿਸ਼ਵਾਸਾਂ ਦੇ ਅਨੁਕੂਲ ਹੋਣਾ ਲਾਜ਼ਮੀ ਹੈ, ਜਾਂ

· ਧਰਮ ਦੇ ਪੈਰੋਕਾਰਾਂ ਦੀਆਂ ਧਾਰਮਿਕ ਸੰਵੇਦਨਾਵਾਂ ਨੂੰ ਠੇਸ ਲੱਗਣ ਤੋਂ ਬਚਾਉਣ ਲਈ ਵਾਜਬ ਤੌਰ 'ਤੇ ਲਾਜ਼ਮੀ ਹੋਣਾ ਚਾਹੀਦਾ ਹੈ

## ਲੋਕਾਂ ਦੁਆਰਾ ਭੇਦਭਾਵ

ਧਾਰਮਿਕ ਮਾਨਤਾਵਾਂ ਦੀ ਪਾਲਣਾ ਕਰਨ ਲਈ ਬਰਾਬਰ ਮੌਕੇ ਐਕਟ ਦੇ ਤਹਿਤ ਆਉਂਦੇ ਹਾਲਾਤਾਂ ਲਈ ਲੋਕ ਭੇਦਭਾਵ ਨਹੀਂ ਕਰ ਸਕਦੇ ਹਨ।

## 14 ਦਸੰਬਰ 2022 ਤੋਂ ਬਰਾਬਰ ਮੌਕੇ ਐਕਟ ਵਿੱਚ ਬਦਲਾਅ

14 ਦਸੰਬਰ 2022 ਨੂੰ, ਬਰਾਬਰ ਮੌਕੇ ਐਕਟ ਵਿੱਚ ਧਾਰਮਿਕ ਅਪਵਾਦਾਂ ਲਈ ਹੋਰ ਤਬਦੀਲੀਆਂ ਲਾਗੂ ਹੋ ਜਾਣਗੀਆਂ।

ਇਸ ਮਿਤੀ ਤੋਂ, ਵਿਕਟੋਰੀਅਨ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਵਸਤੂਆਂ ਜਾਂ ਸੇਵਾਵਾਂ ਪ੍ਰਦਾਨ ਕਰਦੇ ਸਮੇਂ, ਧਾਰਮਿਕ ਸੰਸਥਾਵਾਂ ਕੇਵਲ ਇੱਕ ਵਿਅਕਤੀ ਦੇ ਧਾਰਮਿਕ ਵਿਸ਼ਵਾਸ ਦੇ ਅਧਾਰ 'ਤੇ ਭੇਦਭਾਵ ਕਰਨ ਦੇ ਯੋਗ ਹੋਣਗੀਆਂ। ਉਹ ਹੋਰ ਨਿੱਜੀ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਭੇਦਭਾਵ ਕਰਨ ਦੇ ਯੋਗ ਨਹੀਂ ਹੋਣਗੀਆਂ।

## ਕੀ ਨਹੀਂ ਬਦਲੇਗਾ

14 ਜੂਨ ਅਤੇ 14 ਦਸੰਬਰ 2022 ਤੋਂ ਬਾਅਦ, ਧਾਰਮਿਕ ਸੰਸਥਾਵਾਂ ਅਤੇ ਸਕੂਲ ਅਜੇ ਵੀ ਇਨ੍ਹਾਂ ਗੱਲਾਂ ਦੇ ਸੰਬੰਧ ਵਿੱਚ ਭੇਦਭਾਵ ਕਰਨ ਦੇ ਯੋਗ ਹੋਣਗੇ:

• ਪੁਜਾਰੀ, ਧਾਰਮਿਕ ਮੰਤਰੀਆਂ ਜਾਂ ਧਾਰਮਿਕ ਆਦੇਸ਼ ਦੇ ਮੈਂਬਰਾਂ ਨੂੰ ਚੁਣਨਾ ਜਾਂ ਨਿਯੁਕਤ ਕਰਨਾ
· ਪੁਜਾਰੀ, ਧਾਰਮਿਕ ਮੰਤਰੀਆਂ ਜਾਂ ਧਾਰਮਿਕ ਆਦੇਸ਼ ਦੇ ਮੈਂਬਰ ਵਜੋਂ ਚੁਣੇ ਜਾਣ ਜਾਂ ਨਿਯੁਕਤ ਕੀਤੇ ਜਾਣ ਦੀ ਇੱਛਾ ਰੱਖਣ ਵਾਲੇ ਲੋਕਾਂ ਨੂੰ ਸਿਖਲਾਈ ਜਾਂ ਸਿੱਖਿਆ ਦੇਣਾ
· ਕਿਸੇ ਵੀ ਧਾਰਮਿਕ ਸਮਾਰੋਹ ਜਾਂ ਰੀਤੀ-ਰਿਵਾਜ਼ ਨਾਲ ਸੰਬੰਧਿਤ ਕਾਰਜਾਂ ਨੂੰ ਕਰਨ ਲਈ ਲੋਕਾਂ ਨੂੰ ਚੁਣਨਾ ਜਾਂ ਨਿਯੁਕਤ ਕਰਨਾ।

## ਕਾਨੂੰਨ ਦੀ ਪਾਲਣਾ ਕਰਨਾ

ਜੇਕਰ ਧਾਰਮਿਕ ਸੰਸਥਾਵਾਂ ਅਤੇ ਸਕੂਲ ਬਰਾਬਰ ਮੌਕੇ ਐਕਟ ਦੀ ਪਾਲਣਾ ਨਹੀਂ ਕਰਦੇ ਹਨ ਤਾਂ ਉਨ੍ਹਾਂ ਦੀ ਸ਼ਿਕਾਇਤ ਵਿਕਟੋਰੀਆ ਦੇ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ (Victorian Equal Opportunity and Human Rights Commission) ਕੋਲ ਕੀਤੇ ਜਾਣ ਦਾ ਖ਼ਤਰਾ ਹੈ।

ਧਾਰਮਿਕ ਸੰਸਥਾਵਾਂ ਅਤੇ ਸੰਗਠਨ ਜੋ ਬਰਾਬਰ ਮੌਕੇ ਐਕਟ ਅਧੀਨ ਡਿਊਟੀ ਧਾਰਕ ਵੀ ਹਨ, ਉਨ੍ਹਾਂ ਦੀ ਵੀ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਭੇਦਭਾਵ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ, ਖ਼ਤਮ ਕਰਨ ਲਈ ਵਾਜਬ ਅਤੇ ਸੰਤੁਲਿਤ ਉਪਾਅ ਕਰਨ। ਇਸ ਨੂੰ 'ਸਕਾਰਾਤਮਕ ਡਿਊਟੀ' ਵਜੋਂ ਜਾਣਿਆ ਜਾਂਦਾ ਹੈ। ਸਿਰਫ਼ ਪੈਦਾ ਹੋਣ ਵਾਲੀਆਂ ਸ਼ਿਕਾਇਤਾਂ ਦਾ ਜਵਾਬ ਦੇਣਾ ਹੀ ਇਸ ਕਾਨੂੰਨ ਦੀ ਪਾਲਣਾ ਕਰਨ ਲਈ ਕਾਫ਼ੀ ਨਹੀਂ ਹੈ।

ਡਿਊਟੀ ਧਾਰਕਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਰੁਜ਼ਗਾਰਦਾਤਾ
- ਰਿਹਾਇਸ਼, ਸਿੱਖਿਆ, ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ
- ਕਲੱਬ ਅਤੇ ਖੇਡ ਸੰਸਥਾਵਾਂ

ਕੰਮ ਕਰਨ ਦੇ ਤਰੀਕਿਆਂ ਅਤੇ ਪ੍ਰਕਿਰਿਆਵਾਂ ਵਿੱਚ ਸਕਾਰਾਤਮਕ ਡਿਊਟੀ ਨੂੰ ਕਿਵੇਂ ਸ਼ਾਮਲ ਕਰਨਾ ਹੈ, ਇਸ ਬਾਰੇ ਜਾਣਕਾਰੀ ਵਿਕਟੋਰੀਆ ਦੇ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਵੈੱਬਸਾਈਟ 'ਤੇ ਉਪਲਬਧ ਹੈ।

ਬਰਾਬਰ ਮੌਕੇ ਐਕਟ ਵਿੱਚ ਤਬਦੀਲੀਆਂ ਬਾਰੇ ਹੋਰ ਜਾਣਕਾਰੀ ਵਿਕਟੋਰੀਆ ਦੇ ਬਰਾਬਰ ਮੌਕੇ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਵੈੱਬਸਾਈਟ 'ਤੇ ਉਪਲਬਧ ਹੈ।

ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਡੇ ਨਾਲ ਭੇਦਭਾਵ ਕੀਤਾ ਗਿਆ ਹੈ, ਤਾਂ ਡਿਪਾਰਟਮੈਂਟ ਆਫ਼ ਜਸਟਿਸ ਐਂਡ ਕਮਿਊਨਿਟੀ ਸੇਫ਼ਟੀ (Department of Justice and Community Safety) ਦੀ ਵੈੱਬਸਾਈਟ 'ਤੇ ਹੋਰ ਜਾਣਕਾਰੀ, ਸਲਾਹ ਅਤੇ ਸਹਾਇਤਾ ਸੇਵਾਵਾਂ ਮਿਲ ਸਕਦੀਆਂ ਹਨ।

# ਅਕਸਰ ਪੁੱਛੇ ਜਾਣ ਵਾਲੇ ਸਵਾਲ

ਕੀ ਇਨ੍ਹਾਂ ਤਬਦੀਲੀਆਂ ਦਾ ਮਤਲਬ ਇਹ ਹੈ ਕਿ ਧਾਰਮਿਕ ਸਕੂਲਾਂ ਨੂੰ ਉਹਨਾਂ ਲੋਕਾਂ ਨੂੰ ਨੌਕਰੀ 'ਤੇ ਰੱਖਣਾ ਲਾਜ਼ਮੀ ਹੈ ਜੋ ਉਨ੍ਹਾਂ ਜਿਹੇ ਧਾਰਮਿਕ ਵਿਸ਼ਵਾਸ ਨਹੀਂ ਰੱਖਦੇ ਹਨ?

ਨਹੀਂ। ਜਿੱਥੇ ਇੱਕੋ ਜਿਹੇ ਧਾਰਮਿਕ ਵਿਸ਼ਵਾਸ ਹੋਣਾ ਉਸ ਨੌਕਰੀ ਦੀ ਭੂਮਿਕਾ ਦਾ ਇੱਕ ਅਨਿੱਖੜਵਾਂ (ਅਰਥਾਤ, ਮਹੱਤਵਪੂਰਨ ਜਾਂ ਬੁਨਿਆਦੀ) ਹਿੱਸਾ ਹੈ, ਧਾਰਮਿਕ ਸਕੂਲ ਸਿਰਫ਼ ਉਨ੍ਹਾਂ ਲੋਕਾਂ ਨੂੰ ਨੌਕਰੀ 'ਤੇ ਰੱਖਣ ਦੀ ਚੋਣ ਕਰ ਸਕਦੇ ਹਨ ਜੋ ਸਕੂਲ ਵਾਂਗ ਹੀ ਧਾਰਮਿਕ ਵਿਸ਼ਵਾਸ ਰੱਖਦੇ ਹਨ।

ਕੀ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੈ ਕਿ ਧਾਰਮਿਕ ਸਕੂਲ ਹੁਣ ਆਪਣਾ ਧਰਮ ਨਹੀਂ ਪੜ੍ਹਾ ਸਕਦੇ ਹਨ?

ਨਹੀਂ। ਇਹ ਪ੍ਰਸਤਾਵਿਤ ਕਾਨੂੰਨ ਮਾਪਿਆਂ ਦੇ ਆਪਣੇ ਬੱਚਿਆਂ ਨੂੰ ਉਨ੍ਹਾਂ ਧਾਰਮਿਕ ਸਕੂਲਾਂ ਵਿੱਚ ਭੇਜਣ ਦੇ ਅਧਿਕਾਰ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ ਜੋ ਉਨ੍ਹਾਂ ਦੇ ਧਰਮ ਨੂੰ ਸਿਖਾਉਂਦੇ ਅਤੇ ਪੂਜਦੇ ਹਨ।

ਕੀ ਦੁਨੀਆ ਵਿੱਚ ਇਸ ਕਿਸਮ ਦੇ ਕਾਨੂੰਨਾਂ ਵਾਲੀ ਵਿਕਟੋਰੀਆ ਹੀ ਇੱਕੋ ਇੱਕ ਜਗ੍ਹਾ ਹੈ?

ਨਹੀਂ। ਤਸਮਾਨੀਆ ਵਿੱਚ ਅਜਿਹੇ ਕਾਨੂੰਨ ਹਨ ਜੋ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਮੌਜੂਦ ਹਨ।

ਕੀ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੈ ਕਿ ਧਾਰਮਿਕ ਸੰਸਥਾਵਾਂ ਇਹ ਫ਼ੈਸਲਾ ਨਹੀਂ ਲੈ ਸਕਦੀਆਂ ਹਨ ਕਿ ਕਿਸ ਨੂੰ ਪਾਦਰੀ ਜਾਂ ਇਮਾਮ ਬਣਨ ਦੀ ਆਗਿਆ ਹੈ?

ਨਹੀਂ। ਬਰਾਬਰ ਮੌਕੇ ਕਾਨੂੰਨ ਪਹਿਲਾਂ ਹੀ ਧਾਰਮਿਕ ਸੰਸਥਾਵਾਂ ਨੂੰ ਇਹ ਫ਼ੈਸਲਾ ਕਰਨ ਦੀ ਆਗਿਆ ਦਿੰਦਾ ਹੈ ਕਿ ਧਾਰਮਿਕ ਰੀਤੀ-ਰਿਵਾਜ਼ ਜਾਂ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੀਆਂ ਭੂਮਿਕਾਵਾਂ ਲਈ ਕਿਸ ਨੂੰ ਚੁਣਿਆ ਜਾ ਸਕਦਾ ਹੈ, ਜਿਵੇਂ ਕਿ ਪਾਦਰੀ ਜਾਂ ਇਮਾਮ ਹੋਣਾ। ਇਹ ਬਦਲਿਆ ਨਹੀਂ ਗਿਆ ਹੈ ਅਤੇ ਇਨ੍ਹਾਂ ਸੋਧਾਂ ਦੁਆਰਾ ਪ੍ਰਭਾਵਿਤ ਨਹੀਂ ਹੁੰਦਾ ਹੈ।

ਕੀ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੈ ਕਿ ਧਾਰਮਿਕ ਸਕੂਲਾਂ ਨੂੰ ਦੂਜੇ ਧਰਮਾਂ ਦੇ ਵਿਦਿਆਰਥੀਆਂ ਨੂੰ ਸਵੀਕਾਰ ਕਰਨਾ ਪਵੇਗਾ?

ਨਹੀਂ। ਬਰਾਬਰ ਮੌਕੇ ਕਾਨੂੰਨ ਪਹਿਲਾਂ ਹੀ ਧਾਰਮਿਕ ਸਕੂਲਾਂ ਨੂੰ ਸਿਰਫ਼ ਉਨ੍ਹਾਂ ਦੇ ਧਰਮ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਸਵੀਕਾਰ ਕਰਨ ਦੀ ਆਗਿਆ ਦਿੰਦਾ ਹੈ। ਬਰਾਬਰ ਮੌਕੇ ਕਾਨੂੰਨ ਵਿੱਚ ਇਨ੍ਹਾਂ ਤਬਦੀਲੀਆਂ ਦਾ ਮਤਲਬ ਹੈ ਕਿ ਧਾਰਮਿਕ ਸਕੂਲ ਕੇਵਲ ਸੰਬੰਧਿਤ ਧਰਮ ਦੇ ਵਿਦਿਆਰਥੀਆਂ ਨੂੰ ਸਵੀਕਾਰ ਕਰਨਾ ਜਾਰੀ ਰੱਖ ਸਕਦੇ ਹਨ, ਜੇਕਰ ਇਹ ਉਨ੍ਹਾਂ ਹਾਲਾਤਾਂ ਵਿੱਚ ਵਾਜਬ ਅਤੇ ਸੰਤੁਲਿਤ ਹੋਵੇ।

ਕੀ ਧਾਰਮਿਕ ਸਕੂਲ ਸਿਰਫ਼ ਇਸ ਲਈ ਅਧਿਆਪਕ ਦੀ ਨਿਯੁਕਤੀ ਨਾ ਕਰਨ ਦਾ ਫ਼ੈਸਲਾ ਕਰ ਸਕਦੇ ਹਨ ਕਿਉਂਕਿ ਉਹ ਅਧਿਆਪਕ ਗੇਅ ਹੈ ਜਾਂ ਅਣਵਿਆਹੁਤਾ ਮਾਪੇ ਹਨ?

ਨਹੀਂ। ਧਾਰਮਿਕ ਸਕੂਲ ਉਸ ਵਿਅਕਤੀ ਦੇ ਜਿਨਸੀ ਝੁਕਾਅ ਜਾਂ ਵਿਆਹੁਤਾ ਸਥਿਤੀ ਦੇ ਕਾਰਨ ਕਿਸੇ ਨੂੰ ਨੌਕਰੀ 'ਤੇ ਰੱਖਣ ਤੋਂ ਮਨ੍ਹਾਂ ਨਹੀਂ ਕਰ ਸਕਦੇ ਹਨ।

ਕੀ ਧਾਰਮਿਕ ਸਕੂਲਾਂ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਨੌਕਰੀ 'ਤੇ ਰੱਖਣਾ ਲਾਜ਼ਮੀ ਹੈ ਭਾਵੇਂ ਉਸ ਵਿਅਕਤੀ ਦੇ ਧਾਰਮਿਕ ਵਿਸ਼ਵਾਸ ਸਕੂਲ ਦੇ ਲੋਕਾਂ ਨਾਲੋਂ ਵੱਖਰੇ ਹੋਣ?

ਨਹੀਂ। ਕੁੱਝ ਖ਼ਾਸ ਹਾਲਾਤਾਂ ਵਿੱਚ, ਜਿੱਥੇ ਧਾਰਮਿਕ ਵਿਸ਼ਵਾਸ ਉਸ ਨੌਕਰੀ ਦੀ ਭੂਮਿਕਾ ਦਾ ਇੱਕ ਅੰਦਰੂਨੀ (ਭਾਵ ਮਹੱਤਵਪੂਰਨ ਜਾਂ ਬੁਨਿਆਦੀ) ਹਿੱਸਾ ਹੈ, ਕੋਈ ਸਕੂਲ ਅਜੇ ਵੀ ਕਿਸੇ ਅਜਿਹੇ ਵਿਅਕਤੀ ਨੂੰ ਨੌਕਰੀ 'ਤੇ ਨਾ ਰੱਖਣ ਦਾ ਫ਼ੈਸਲਾ ਕਰ ਸਕਦਾ ਹੈ ਜੇਕਰ ਉਸ ਵਿਅਕਤੀ ਦੇ ਧਾਰਮਿਕ ਵਿਸ਼ਵਾਸ ਸਕੂਲ ਦੇ ਲੋਕਾਂ ਨਾਲੋਂ ਵੱਖਰੇ ਹਨ।

ਕੀ ਬਰਾਬਰ ਮੌਕੇ ਕਾਨੂੰਨ ਵਿੱਚ ਤਬਦੀਲੀਆਂ ਦੂਜੇ ਸਮੂਹਾਂ, ਜਿਵੇਂ ਕਿ ਰਾਜਨੀਤਿਕ ਪਾਰਟੀਆਂ, ਨੂੰ ਇਹ ਚੁਣਨ ਦੀ ਆਗਿਆ ਦੇ ਕੇ ਇੱਕ ਦੋਹਰਾ ਮਾਪਦੰਡ ਬਣਾਉਂਦੀਆਂ ਹਨ ਕਿ ਉਹ ਕਿਸ ਨੂੰ ਨਿਯੁਕਤ ਕਰਦੇ ਹਨ, ਜਦੋਂ ਧਾਰਮਿਕ ਸੰਸਥਾਵਾਂ ਇਹ ਅਧਿਕਾਰ ਗੁਆ ਰਹੀਆਂ ਹਨ?

ਨਹੀਂ। ਧਾਰਮਿਕ ਸੰਸਥਾਵਾਂ ਅਤੇ ਸਕੂਲ ਧਾਰਮਿਕ ਵਿਸ਼ਵਾਸ ਦੇ ਆਧਾਰ 'ਤੇ ਇਹ ਚੁਣਨਾ ਜਾਰੀ ਰੱਖ ਸਕਦੇ ਹਨ ਕਿ ਉਹ ਕਿਨ੍ਹਾਂ ਨੂੰ ਨਿਯੁਕਤ ਕਰਦੇ ਹਨ। ਪਰ ਉਹ ਲਿੰਗਕਤਾ ਜਾਂ ਲਿੰਗ ਪਛਾਣ ਵਰਗੀਆਂ ਗੈਰ-ਸੰਬੰਧਿਤ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਭੇਦਭਾਵ ਨਹੀਂ ਕਰ ਸਕਦੇ ਹਨ। ਇਸੇ ਤਰ੍ਹਾਂ, ਰਾਜਨੀਤਿਕ ਪਾਰਟੀਆਂ ਸਿਰਫ਼ ਵਿਅਕਤੀ ਦੇ ਰਾਜਨੀਤਿਕ ਵਿਸ਼ਵਾਸ ਦੇ ਅਧਾਰ 'ਤੇ ਇਹ ਚੁਣ ਸਕਦੀਆਂ ਹਨ ਕਿ ਉਹ ਕਿਸ ਨੂੰ ਨੌਕਰੀ 'ਤੇ ਰੱਖਦੀਆਂ ਹਨ ਪਰ ਹੋਰ ਗੈਰ-ਸੰਬੰਧਿਤ ਵਿਸ਼ੇਸ਼ਤਾਵਾਂ 'ਤੇ ਅਧਾਰ 'ਤੇ ਨਹੀਂ।

ਕੀ ਇਹ ਤਬਦੀਲੀਆਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ?

ਨਹੀਂ। ਇਹ ਤਬਦੀਲੀਆਂ ਧਰਮ ਦੀ ਆਜ਼ਾਦੀ ਦੇ ਅਧਿਕਾਰ ਨੂੰ ਬਰਾਬਰੀ ਦੇ ਅਧਿਕਾਰ ਨਾਲ ਸੰਤੁਲਿਤ ਕਰਦੀਆਂ ਹਨ ਤਾਂ ਜੋ ਦੋਵਾਂ ਨੂੰ ਉਚਿਤ ਤੌਰ 'ਤੇ ਮਾਨਤਾ ਦਿੱਤੀ ਜਾ ਸਕੇ ਅਤੇ ਆਨੰਦ ਮਾਣਿਆ ਜਾ ਸਕੇ।

ਕੀ ਇਹ ਤਬਦੀਲੀਆਂ ਜੱਜਾਂ ਲਈ ਧਾਰਮਿਕ ਸੰਸਥਾ ਜਾਂ ਸਕੂਲ ਦੇ ਧਰਮ ਦੀ ਉਚਿਤਤਾ ਦਾ ਫ਼ੈਸਲਾ ਕਰਨ ਲਈ ਇੱਕ ਨਵੀਂ ਸ਼ਕਤੀ ਪੈਦਾ ਕਰਦੀਆਂ ਹਨ?

ਨਹੀਂ। ਆਸਟ੍ਰੇਲੀਆ ਵਿੱਚ ਮੌਜੂਦਾ ਕਾਨੂੰਨਾਂ ਦੇ ਤਹਿਤ ਕਈ ਵਾਰ ਅਦਾਲਤ ਨੂੰ ਇਹ ਫ਼ੈਸਲਾ ਕਰਨ ਦੀ ਲੋੜ ਹੋ ਸਕਦੀ ਹੈ ਕਿ ਕਿਸੇ ਧਾਰਮਿਕ ਸੰਸਥਾ ਜਾਂ ਸਕੂਲ ਦੁਆਰਾ ਸਬੂਤ ਦੇ ਆਧਾਰ 'ਤੇ ਕਿਸ ਕਿਸਮ ਦਾ ਧਰਮ ਅਪਣਾਇਆ ਜਾ ਰਿਹਾ ਹੈ। ਇਹ ਮਾਮਲਾ ਆਸਟ੍ਰੇਲੀਆ ਭਰ ਦੇ ਮੌਜੂਦਾ ਕਾਨੂੰਨਾਂ ਲਈ ਹੈ ਅਤੇ ਬਰਾਬਰ ਮੌਕੇ ਐਕਟ ਵਿੱਚ ਤਬਦੀਲੀਆਂ ਤੋਂ ਬਾਅਦ ਇਹ ਮਾਮਲਾ ਬਣਿਆ ਹੋਇਆ ਹੈ।

ਇਨ੍ਹਾਂ ਤਬਦੀਲੀਆਂ ਨੇ ਜੱਜਾਂ ਲਈ 'ਸਭ ਤੋਂ ਉੱਤਮ' ਜਾਂ 'ਸਭ ਤੋਂ ਢੁੱਕਵੇਂ' ਧਰਮ ਨੂੰ ਨਿਰਧਾਰਤ ਕਰਨ ਲਈ ਕੋਈ ਨਵੀਂ ਸ਼ਕਤੀ ਨਹੀਂ ਬਣਾਈ ਹੈ। ਬਰਾਬਰ ਮੌਕੇ ਐਕਟ ਦੇ ਤਹਿਤ ਧਾਰਮਿਕ ਵਿਸ਼ਵਾਸ ਜਾਂ ਗਤੀਵਿਧੀ ਇੱਕ ਕਾਨੂੰਨੀ ਸੁਰੱਖਿਆ ਪ੍ਰਾਪਤ ਵਿਸ਼ੇਸ਼ਤਾ ਬਣੀ ਹੋਈ ਹੈ।

## 'ਧਾਰਮਿਕ ਸੰਸਥਾਵਾਂ' ਦੀ ਪਰਿਭਾਸ਼ਾ ਵਿੱਚ ਕੌਣ ਸ਼ਾਮਲ ਹੈ?

ਧਾਰਮਿਕ ਸੰਸਥਾ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ:

· ਧਾਰਮਿਕ ਉਦੇਸ਼ ਲਈ ਸਥਾਪਿਤ ਕੀਤੀ ਗਈ ਸੰਸਥਾ

· ਇੱਕ ਅਜਿਹੀ ਸੰਸਥਾ ਜੋ ਧਾਰਮਿਕ ਸਿੱਖਿਆਵਾਂ, ਵਿਸ਼ਵਾਸਾਂ ਜਾਂ ਸਿਧਾਂਤਾਂ ਦੇ ਅਨੁਸਾਰ ਚਲਾਈ ਜਾਂਦੀ ਇੱਕ ਵਿਦਿਅਕ ਜਾਂ ਹੋਰ ਚੈਰੀਟੇਬਲ ਸੰਸਥਾ ਦੀ ਸਥਾਪਨਾ, ਨਿਰਦੇਸ਼ਨ, ਨਿਯੰਤਰਣ ਜਾਂ ਪ੍ਰਬੰਧ ਕਰਦੀ ਹੈ।

'ਧਾਰਮਿਕ ਸਿੱਖਿਆਵਾਂ, ਮਾਨਤਾਵਾਂ ਜਾਂ ਸਿਧਾਂਤਾਂ ਦੇ ਅਨੁਕੂਲ ਹੋਣ' ਦਾ ਕੀ ਅਰਥ ਹੈ?

ਇਸ ਅਪਵਾਦ 'ਤੇ ਭਰੋਸਾ ਕਰਨ ਲਈ, ਇੱਕ ਧਾਰਮਿਕ ਸੰਸਥਾ ਨੂੰ ਇਹ ਦਰਸਾਉਣ ਦੀ ਲੋੜ ਹੁੰਦੀ ਹੈ ਕਿ ਉਸ ਭੇਦਭਾਵ ਦੀ ਲੋੜ ਹੈ ਕਿਉਂਕਿ:

· ਉਨ੍ਹਾਂ ਦਾ ਧਰਮ ਇਹ ਹੁਕਮ ਦਿੰਦਾ ਹੈ ਕਿ ਉਹਨਾਂ ਨੂੰ ਇੱਕ ਖ਼ਾਸ ਤਰੀਕੇ ਨਾਲ ਵਿਚਰਨ ਦੀ ਲੋੜ ਹੈ (ਭਾਵ ਉਹਨਾਂ ਨੂੰ ਕੋਈ ਹੋਰ ਵਿਕਲਪ ਨਹੀਂ ਦਿੱਤਾ ਗਿਆ ਹੈ)

· ਇੱਕ ਵੱਖਰੇ ਤਰੀਕੇ ਨਾਲ ਕੰਮ ਕਰਨ ਦਾ ਇਹ ਮਤਲਬ ਹੋਵੇਗਾ ਕਿ ਸਿੱਖਿਆਵਾਂ, ਵਿਸ਼ਵਾਸਾਂ ਜਾਂ ਰੀਤੀ-ਰਿਵਾਜ਼ਾਂ ਦਾ ਅਸਲ ਵਿੱਚ ਮਹੱਤਵਪੂਰਨ ਮਾਮਲਿਆਂ ਦਾ ਸਤਿਕਾਰ ਨਹੀਂ ਕੀਤਾ ਜਾਂਦਾ ਹੈ।

ਧਿਆਨ ਇਸ ਗੱਲ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਕਿ:

· ਉਹ ਖ਼ਾਸ ਆਚਰਣ ਜੋ ਧਾਰਮਿਕ ਸੰਸਥਾ ਲੈਣਾ ਚਾਹੁੰਦੀ ਹੈ; ਅਤੇ

· ਧਾਰਮਿਕ ਵਿਸ਼ਵਾਸਾਂ ਦੀ ਪਾਲਣਾ ਕਰਨ ਲਈ ਉਸ ਆਚਰਣ ਦੀ ਕਿਵੇਂ ਲੋੜ ਹੈ।

ਇਹ ਇੱਕ ਉਦੇਸ਼ ਮੁਲਾਂਕਣ ਹੈ। ਇਸਦਾ ਮਤਲਬ ਹੈ ਕਿ ਇਹ ਕਥਿਤ ਭੇਦਭਾਵ ਕਰਨ ਵਾਲੇ ਦਾ ਨਿੱਜੀ ਨਜ਼ਰੀਆ ਨਹੀਂ ਹੈ ਜੋ ਕਿ ਢੁੱਕਵਾਂ ਹੈ, ਪਰ ਇਹ ਇੱਕ ਨਿਰਪੱਖ ਨਜ਼ਰੀਆ ਹੈ ਕਿ ਕਿਹੋ ਜਿਹੇ ਆਚਰਣ ਦੀ ਲੋੜ ਸੀ।

ਪੁੱਛਗਿੱਛ ਲਾਈਨ 1300 292 153

ਫੈਕਸ 1300 891 858

NRS ਵੌਇਸ ਰੀਲੇਅ 1300 555 727 ਫਿਰ ਇਹ ਨੰਬਰ ਬੋਲੋ 1300 292 153

ਦੁਭਾਸ਼ੀਏ ਲਈ 1300 152 494

ਈਮੇਲ enquiries@veohrc.vic.gov.au

ਟਵਿੱਟਰ twitter.com/VEOHRC

ਫੇਸਬੁੱਕ facebook.com/VEOHRC

ਵੈੱਬਸਾਈਟ humanrights.vic.gov.au

ਸਾਡੇ ਨਾਲ ਸੰਪਰਕ ਕਰੋ